This question paper contains 2 printed pages]

*Your Roll No.* ..........................

7598

**B.A. (PROGRAMME)/II/III E-I**

PUNJABI LANGUAGE (C)—Paper II

(Basic Punjabi)

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠਾਂ ਲਿਖੇ ਪੈਰ੍ਹੇ ਨੂੰ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਦਿਉ :

ਲੋਕ-ਰਾਜ ਦੀ ਸਫਲਤਾ ਬਹੁਤ ਹੱਦ ਤਕ ਦੇਸ਼ ਦੀਆਂ ਰਾਜਸੀ ਪਾਰਟੀਆਂ ਉੱਤੇ ਨਿਰਭਰ ਹੁੰਦੀ ਹੈ। ਸਫਲ ਲੋਕ ਰਾਜ ਵਿਚ ਕੇਵਲ ਦੋ ਪਾਰਟੀਆਂ ਦਾ ਹੋਣਾ ਠੀਕ ਹੁੰਦਾ ਹੈ। ਚੋਣ ਤੋਂ ਬਾਅਦ ਜਿਸ ਪਾਰਟੀ ਦੇ ਪ੍ਰਤੀਨਿੱਧ ਵਧੇਰੇ ਹੁੰਦੇ ਹਨ ਉਹੀ ਰਾਜ ਕਰਦੀ ਹੈ। ਦੂਜੀ ਪਾਰਟੀ ਵਿਰੋਧੀ ਧਿਰ ਵਜੋਂ ਰਾਜ ਕਰਦੀ ਹੈ। ਰਾਜ ਕਰ ਰਹੀ ਪਾਰਟੀ ਚੇਤੰਨ ਰਹਿੰਦੀ ਹੈ, ਉਸਨੂੰ ਹਮੇਸ਼ਾਂ ਡਰ ਰਹਿੰਦਾ ਹੈ ਕਿ ਜੇਕਰ ਉਸਨੇ ਭਲਾਈ ਦੇ ਕੰਮ ਨਾ ਕੀਤੇ ਤਾਂ ਆਉਣ ਵਾਲੀਆਂ ਚੋਣਾਂ ਵਿਚ ਉਸ ਦੀ ਹਾਰ ਨਿਸ਼ਚਿਤ ਹੈ। ਇਸ ਲਈ ਲੋਕ ਰਾਜ ਵਿਚ ਬਰਾਬਰੀ ਦਾ ਸਿੱਧਾਂਤ ਵੀ ਕੰਮ ਕਰਦਾ ਹੈ। ਕਾਨੂੰਨ ਦੀਆਂ ਨਜ਼ਰਾਂ ਵਿਚ ਹਰ ਬਾਲਗ ਨੂੰ, ਹਰ ਵਿਅਕਤੀ ਨੂੰ, ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੈ।

(ੳ) ਲੋਕ ਰਾਜ ਦੀ ਸਫਲਤਾ ਕਿਸ ਗੱਲ ਉੱਤੇ ਨਿਰਭਰ ਕਰਦੀ ਹੈ?
(ਅ) ਵਿਰੋਧੀ ਪਾਰਟੀ ਦਾ ਕੀ ਰੋਲ ਹੁੰਦਾ ਹੈ?
(ੲ) ਚੋਣ ਤੋਂ ਬਾਅਦ ਕਿਹੜੀ ਪਾਰਟੀ ਸੱਤਾ ਵਿਚ ਆਉਂਦੀ ਹੈ?
(ਸ) ਕਾਨੂੰਨ ਦੀਆਂ ਨਜ਼ਰਾਂ ਵਿਚ ਕਿਸ ਨੂੰ ਵੋਟ ਪਾਉਣ ਦਾ ਅਧਿਕਾਰ ਹੈ?
(ਹ) ਰੇਖਾਂਕਿਤ ਸ਼ਬਦਾਂ ਦੇ ਅਰਥ ਲਿਖੋ? 5X5=25

2. ਹੇਠ ਲਿਖਿਆਂ ਵਿਚੋਂ ਕਿਸੇ ਇਕ ਉਪਰ ਸੱਦਾ ਪੱਤਰ ਤਿਆਰ ਕਰੋ :

1. ਮਕਾਨ ਦੇ ਮਹੂਰਤ ਲਈ।
2. ਆਪਣੇ ਜਨਮ ਦਿਨ ਬਾਰੇ।
3. ਦਾਦਾ ਜੀ ਦੇ ਭੋਗ ਬਾਰੇ। 15



P.T.O.

3. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫ਼ੀਸ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

ਜਾਂ

ਸਕੂਲ ਵਿਚ ਅਧਿਆਪਕ ਦੀ ਆਸਾਮੀ ਲਈ ਬਿਨੈ-ਪੱਤਰ ਲਿਖੋ। 15

4. ਆਪਣੇ ਜੀਵਨ ਦੀ ਕਿਸੇ ਅਭੁੱਲ ਯਾਦ ਬਾਰੇ ਪੈਰ੍ਹਾ ਲਿਖੋ। 10

5. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ।
ਕਵਿ, ਪਤਿ, ਪਧਾਰ, ਸ਼ਿਹਰ, ਫੈਦਾ, ਬਿਚ, ਸੋਹਨਾ, ਸਭਿਜ, ਸੋਹਜ, ਪਾਨੀ 10

6. ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ :
(1) ਰੱਬ ਨੂੰ ਮੰਨਣ ਵਾਲਾ ਪੁਰਸ਼।
(2) ਸੋਨੇ ਦਾ ਕੰਮ ਕਰਨ ਵਾਲਾ।
(3) ਭੈਣ ਦਾ ਮੁੰਡਾ।
(4) ਜੋ ਜਿੱਤਿਆ ਨਾ ਜਾਵੇ।
(5) ਵਿਹਲੀਆਂ ਖਾਣ ਵਾਲਾ।
(6) ਜਿੱਥੇ ਕੋਈ ਫ਼ਸਲ ਨਾ ਪੈਦਾ ਹੋਵੇ।
(7) ਜਿਸ ਦੇ ਮਾਂ ਬਾਪ ਮਰ ਗਏ ਹੋਣ।
(8) ਜੋ ਕੋਈ ਵੀ ਰੂਪ ਧਾਰ ਲਵੇ।
(9) ਪਿਓ ਦੀ ਭੈਣ।
(10) ਜਿਹੜਾ ਪੈਸਾ ਨਾ ਖਰਚੇ। 10

7. ਹੇਠ ਲਿਖੇ ਸ਼ਬਦਾਂ ਵਿਚੋਂ ਪੰਦ੍ਰਾਂ ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ :
Story, Comedy, Culture, Agreement, Being, Loan, Article, Feeling, Actor, Law, Rythem, Reality, Text, Theatre, Universal, Broker, National, Fine-Art. 15